ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-3 ਸ਼ਾਖਾ)

## ਹੁਕਮ

ਸਿੱਖਿਆ ਵਿਭਾਗ (ਸਕੂਲਜ) ਵਿਚ ਹੇਠ ਲਿਖੇ ਮਾਸਟਰ ਨੂੰ ਬਤੌਰ ਮੁੱਖ ਅਧਿਆਪਕ (ਸਕੂਲ ਕਾਡਰ) ਵਿੱਚ ਤਰੱਕੀ ਦੇਣ ਦੇ ਕੇਸ ਵਿਭਾਗੀ ਤਰੱਕੀ ਕਮੇਟੀ ਰਾਹੀਂ ਪੰਜਾਬ ਸਰਕਾਰ ਦੀਆਂ ਸੋਧੀਆਂ ਹਦਾਇਤਾਂ ਮਿਤੀ 21-8-09, ਜਿਸ ਨੂੰ ਮਾਨਯੋਗ ਹਾਈ ਕੋਰਟ ਦੇ ਹੁਕਮ ਮਿਤੀ 26-8-2009, ਸਿਵਲ ਰਿੱਟ ਪਟੀਸ਼ਨ ਨੰ: 11574 ਆਫ 2009- ਸੁਖਦੇਵ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਰਾਹੀਂ ਪੜ੍ਹਿਆ ਜਾਣਾ ਹੈ, ਵਿਚਾਰਦੇ ਹੋਏ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਸ਼ਾਂ ਮੁਤਾਬਕ ਹੇਠ ਦਰਸਾਇਆ ਗਿਆ ਅਧਿਆਪਕ ਜੋ ਮਿਤੀ 8-1-2008 ਤੋਂ ਉਸ ਮਿਤੀ ਤੋਂ ਜਿਸ ਮਿਤੀ ਤੋਂ ਓਸ ਦੇ ਜੂਨੀਅਰ ਮਾਸਟਰ ਨੂੰ ਬਤੌਰ ਮੁੱਖ ਅਧਿਆਪਕ ਦਫਤਰੀ ਹੁਕਮ ਨੰ: 12/23/2004-2ਸਿ2/797, ਮਿਤੀ 8-1-2008 ਰਾਹੀਂ ਪਦ-ਉਨਤ ਕੀਤਾ ਗਿਆ ਸੀ, ਉਸ ਮਿਤੀ ਭਾਵ 8-1-2008 ਤੋਂ ਹੀ ਬਤੌਰ ਮੁੱਖ ਅਧਿਆਪਕ ਤਨਖਾਹ ਸਕੇਲ ਰੁ: 7000-10980 (ਅਣ-ਸੋਧੇ ਹੋਏ) ਵਿੱਚ ਪਦ-ਉਨਤ ਕੀਤਾ ਜਾਂਦਾ ਹੈ। ਇਸ ਪਦ-ਉਨਤ ਹੋਏ ਮੁੱਖ ਅਧਿਆਪਕ ਦੀ ਤੈਨਾਤੀ ਉਸ ਦੇ ਨਾਮ ਦੇ ਅੱਗੇ ਦਿੱਤੇ ਸਟੇਸ਼ਨ ਤੇ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ :-

DGSE
Dmmis
13/12

**ਸ਼੍ਰੇਣੀ, ਪੁਰਸ਼ (ਜਨਰਲ)**

| ਲੜੀ ਨੰ: | ਸੀਨੀਆਰਤਾ ਨੰ: | ਅਧਿਆਪਕ ਦਾ ਨਾਮ/ਮੌਜੂਦਾ ਪੋਸਟਿੰਗ | ਅਲਾਟ ਕੀਤਾ ਗਿਆ ਸਟੇਸ਼ਨ |
|---|---|---|---|
| 1. | 9144 | ਅਜੈਬ ਸਿੰਘ, ਸਸ ਮਾਸਟਰ, ਸ.ਮਿ.ਸ. ਝੰਡੇ ਮਾਜਰਾ (ਐਸ.ਏ.ਅਸ.ਨਗਰ) | ਸ.ਹ.ਸ. ਗੀਗੇ ਮਾਜਰਾ ਤਹਿ: ਖਰੜ (ਐਸ.ਏ.ਐਸ. ਨਗਰ) |

ਇਹ ਪਦ-ਉਨਤੀ ਹੇਠ ਲਿਖਿਆਂ ਸ਼ਰਤਾਂ ਤੇ ਹੋਵੇਗੀ:-

ੳ) ਕਰਮਚਾਰੀ ਆਪਣੀ ਪਦ-ਉਨਤੀ ਦੇ ਹੁਕਮ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਆਪਣੀ ਪੋਸਟਿੰਗ ਵਾਲੀ ਥਾਂ ਤੇ ਹਾਜਰੀ ਰਿਪੋਰਟ ਪੇਸ਼ ਕਰੇਗਾ।

ਅ) ਜੇਕਰ ਕਿਸੇ ਕਾਰਨ ਮਾਸਟਰ ਦੀ ਸੀਨੀਅਰਤਾ ਸੂਚੀ ਵਿੱਚ ਤਰੱਕੀ ਲੈਣ ਤੋਂ ਵਾਂਝੇ ਰਹਿ ਗਏ ਹੋਣ ਤਾਂ ਉਨ੍ਹਾਂ ਦੀ ਤਰੱਕੀ ਕਾਰਨ ਲਈ ਸਬੰਧਤ ਨੂੰ ਰਿਵਰਟ ਕਰਨਾ ਪਿਆ ਤਾਂ ਉਸਨੂੰ ਬਿਨਾਂ ਕੋਈ ਨੋਟਿਸ ਦਿੱਤੇ ਰਿਵਰਟ ਕੀਤਾ ਜਾਵੇਗਾ।

ੲ) ਇਹ ਤਰੱਕੀ ਇਕ ਸਾਲ ਦੇ ਪ੍ਰੋਬੇਸ਼ਨ ਸਮੇਂ ਤੇ ਅਧਾਰਤ ਹੋਵੇਗੀ।

ਮਿਤੀ,ਚੰਡੀਗੜ੍ਹ
9 ਦਸੰਬਰ, 2010

ਸੀ.ਰਾਊਲ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ (ਸਕੂਲਜ) ।

Office of Director General School Education ... State Project Director ... Central Dist. No.: 11535 Date 20/12/10

ਪਿੱ:ਅੰ:ਨੰ:1/94/2010/3ਸਿ3/ 3352 ਮਿਤੀ,ਚੰਡੀਗੜ੍ਹ : 10/12/10

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਵੈਬਸਾਈਟ www.ssa Punjab.org. ਵਿੱਚ ਪਾਉਣ ਸਬੰਧੀ ਕਾਰਵਾਈ ਕਰ ਲਈ ਜਾਵੇ।
2. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਨੂੰ ਬਾਕੀ ਰਹਿੰਦੇ ਮਾਸਟਰ/ਮਿਸਟ੍ਰੈਸਾਂ ਦੇ ਕੇਸ ਜਲਦੀ ਮੁਕੰਮਲ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।
3. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਬੰਧਤ ਮੁੱਖ ਅਧਿਆਪਕਾਂ/ਅਧਿਆਪਕਾਵਾਂ ਨੂੰ ਤਰੱਕੀ ਬਾਰੇ ਇੰਨ-ਬਿੰਨ ਪਾਲਣਾ ਲਈ ਤੁਰੰਤ ਸੂਚਿਤ ਕਰਨ।
4. ਸਬੰਧਤ ਕਰਮਚਾਰੀ ।

ਵਧੀਕ ਸਕੱਤਰ ਸਕੂਲ ਸਿੱਖਿਆ (ਐਸ)